# ਅਨੁਕਰਣ ਦਾ ਸਿਧਾਂਤ

ਅਨੁਕਰਣ ਯੂਨਾਨੀ ਸ਼ਬਦ 'ਮੀਮੇਸਿਸ' ਦੇ ਸਮਾਨਾਰਥੀ ਸ਼ਬਦ 'ਇਮੀਟੇਸ਼ਨ' ਦਾ ਰੂਪਾਂਤਰ ਹੈ ਜੋ ਰੂਪ ਵਿਚ ਵਰਤਿਆ ਗਿਆ ਹੈ। ਹਿੰਦੀ ਵਿਚ ਅਸਲ ਵਿਚ ਇਹ ਅੰਗਰੇਜ਼ੀ ਸ਼ਬਦ 'ਇਮੀਟੇਸ਼ਨ' ਦਾ ਰੂਪਾਂਤਰ ਹੈ ਜੋ ਆਇਆ ਹੈ ਯੂਨਾਨੀ ਸਾਹਿਤ ਸ਼ਾਸਤਰ ਵਿਚ ਇਹ ਸੰਕਲਪ ਅਰਸਤੂ ਤੋਂ ਪਹਿਲਾਂ ਪਲੈਟੋ ਨੇ ਹੀ ਵਰਤਿਆ ਸੀ ਅਤੇ ਇਸੇ ਆਧਾਰ ਤੇ ਉਸਨੇ ਕਲਪਨਾਤਮਕ ਸਾਹਿਤ ਦੀ ਘਣੀ ਸਖ਼ਤ ਆਲੋਚਨਾ ਕੀਤੀ ਸੀ। ਪਲੈਟੋ ਦਾ ਵਿਸ਼ਵਾਸ ਸੀ ਕਿ ਭੌਤਿਕ ਜਗਤ ਆਪ ਹੀ ਸੱਤ ਦੀ ਅਨੁਕ੍ਰਿਤੀ ਹੈ ਅਤੇ ਕਾਵਿ ਇਸ ਅਨੁਕ੍ਰਿਤੀ ਦੀ ਇਕ ਵਾਰ ਫੇਰ ਅਨੁਕ੍ਰਿਤੀ ਕਰਦਾ ਹੈ। ਇਸ ਲਈ ਅਨੁਕਰਣ ਦਾ ਅਨੁਕਰਣ ਹੋਣ ਕਰਨ ਸਾਹਿਤ ਤਿਆਗਣ ਯੋਗ ਹੈ।

ਭਾਵੇਂ ਅਰਸਤੂ ਦੇ ਵੱਖ-ਵੱਖ ਟੀਕਾਕਾਰ ਅਤੇ ਵਿਆਖਿਆਕਾਰ ਅਨੁਕਰਣ ਸ਼ਬਦ ਦੀ ਵਿਆਖਿਆ ਆਪੋ ਆਪਣੇ ਢੰਗ ਅਨੁਸਾਰ ਕਰਦੇ ਹਨ। ਇਸ ਗੱਲ ਵਿਚ ਸਾਰੇ ਇਕ ਮਤ ਹਨ ਕਿ ਅਰਸਤੂ ਨੇ ਅਨੁਕਰਣ ਸ਼ਬਦ ਦਾ ਪ੍ਰਯੋਗ ਪਲੈਟੋ ਵਾਂਗ ਜਥਾਰਥ ਦੇ ਇਨਬਿਨ ਉਤਾਰੇ ਦੇ ਅਰਥਾਂ ਵਿਚ ਹੀ ਨਹੀਂ ਕੀਤਾ। ਬੁੱਚਰ- ਅਰਸਤੂ ਦੇ ਅਨੁਕਰਣ ਸ਼ਬਦ ਦਾ ਅਰਥ ਹੈ ਸਾਦ੍ਰਿਸ਼-ਵਿਧਾਨ ਜਾਂ ਮੂਲ ਦਾ ਪੁਨਰ-ਉਤਪਾਦਨ ਸਰੀਰਿਕ ਉਲੇਖਨ ਨਹੀਂ।

ਪ੍ਰੋ. ਗਿਲਬਰਟ ਮਰੇ ਨੇ ਯੂਨਾਨੀ ਸ਼ਬਦ ਪੋਇਤੇਸ (ਕਰਤਾ/ ਸ੍ਰਸ਼ਟਾ) ਨੂੰ ਆਧਾਰ ਮੰਨ ਕੇ ਅਨੁਕਰਣ ਦੀ ਵਿਉਤਪੱਤੀ ਮੂਲਕ ਵਿਆਖਿਆ ਕੀਤੀ ਹੈ ਜੋ ਇਹ ਦੱਸਦੇ ਅਰਥਾਤ ਹੋਏ ਕਿ ਅਰਸਤੂ ਅਤੇ ਉਸ ਤੋਂ ਪਹਿਲਾਂ ਪਲੈਟੋ ਨੂੰ ਕਲਾ ਦੇ ਸੰਬੰਧ ਵਿਚ ਅਨੁਕਰਣ ਸਿਧਾਂਤ ਨਾਲ ਦੋਹਾਂ ਜੋੜ ਦਿੱਤਾ ਸੀ ਤਾਂ ਸਾਨੂੰ ਇਸ ਤੱਥ ਤੋਂ ਸਹਾਇਤਾ ਮਿਲ ਸਕਦੀ ਹੈ ਕਿ ਜਨਸਾਧਾਰਣ ਦੀ ਭਾਸ਼ਾ ਵਿਚ ਕਲਾ ਵਾਸਤੇ ਅਨੁਕਰਣ ਸ਼ਬਦ ਦੀ ਵਰਤੋਂ ਹੁੰਦੀ ਸੀ ਜਦੋਂ ਕਿ ਸਪੱਸ਼ਟ ਹੈ ਉਹ ਅਸਲ ਅਰਥ ਵਿਚ ਰਚਨਾ ਨਹੀਂ ਸੀ।

ਪ੍ਰੋ. ਮਰੇ ਦਾ ਮਤ ਹੈ ਕਿ ਕਵੀ ਸ਼ਬਦ ਦੇ ਯੂਨਾਨੀ ਸ਼ਬਦ ਵਿਚ ਹੀ ਅਨੁਕਰਣ ਦੀ ਧਾਰਨਾ ਜੁੜੀ ਹੋਈ ਸੀ ਪਰ ਅਨੁਕਰਣ ਦਾ ਅਰਥ ਸਿਰਜਣ ਸ਼ਕਤੀ ਦੀ ਅਣਹੋਂਦ ਨਹੀਂ ਸੀ। ਅਰਸਤੂ ਦੇ ਆਧੁਨਿਕ ਟੀਕਾਕਾਰ ਪਾਟਸ ਨੇ ਅਨੁਕਰਣ ਦਾ ਅਰਥ ਇਸ ਪ੍ਰਕਾਰ ਕੀਤਾ ਹੈ। ਆਪਣੇ ਪੂਰਣ ਅਰਥ ਵਿਚ ਅਨੁਕਰਣ ਦਾ ਅਰਥ ਹੈ ਅਜਿਹੇ ਪ੍ਰਭਾਵ ਦਾ ਉਤਪਾਦਨ ਜੋ ਕਿਸੇ ਸਥਿਤੀ ਅਨੁਭੂਤੀ ਜਾਂ ਵਿਅਕਤੀ ਦੇ ਸ਼ੁੱਧ, ਪ੍ਰਕ੍ਰਿਤ ਰੂਪ ਨਾਲ ਉਤਪੰਨ ਹੁੰਦਾ ਹੈ। **ਪਾਟਸ ਦੇ ਅਨੁਸਾਰ** ਅਸਲ ਵਿਚ ਅਨੁਕਰਣ ਅਰਥ ਹੈ "ਸ੍ਰੋਤ ਸ਼ਗਟਾਵੇ ਤੋਂ ਵੱਖਰਾ ਜੀਵਨ ਦਾ ਪੁਨਰ ਸਿਰਜਣ। ਇਹਨਾਂ ਟੀਕਾਕਾਰਾਂ ਤੋਂ ਛੁੱਟ ਹੋਰ ਸਮੀਖਿਅਕਾਂ ਨੇ ਵੀ ਲਗਭਗ ਅਜਿਹੀਆਂ ਹੀ ਵਿਆਖਿਆਵਾਂ

ਪੇਸ਼ ਕੀਤੀਆਂ ਹਨ।

**ਐਟਕਿੰਸ ਅਨੁਸਾਰ,** "ਅਨੁਕਰਣ ਸਿਰਜਨਾਤਮਕ ਦਮਨ ਦੀ ਕ੍ਰਿਆ ਜਾਂ ਕਲਾਤਮਕ ਪੁਨਰ ਸਿਰਜਨ ਦਾ ਹੀ ਦੂਸਰਾ ਨਾਮ ਹੈ।"

**ਸਕਾਟ ਜੇਮਸ,** "ਨੇ ਇਸਨੂੰ ਜੀਵਨ ਦੀ ਕਲਪਨਾਤਮਕ ਪੁਨਰ-ਉਸਾਰੀ ਦਾ ਸਮਾਨ-ਰਥੀ ਮੰਨਿਆ ਹੈ।"

**ਅਰਸਤੂ ਦੇ ਕਾਵਿ ਸ਼ਾਸਤਰ,** "ਵਿਚ ਅਨੁਕਰਣ ਦਾ ਮਤਲਬ ਹੈ ਸਾਹਿਤ ਵਿਚ ਜੀਵਨ ਦਾ ਵਸਤੂ ਸੁਭਾਵਪੂਰਣ ਜਿਸਨੂੰ ਅਸੀਂ ਆਪਣੀ ਭਾਸ਼ਾ ਵਿੱਚ ਜੀਵਨ ਦੀ ਕਲਪਨਾਤਮਕ ਪੁਨਰ ਉਸਾਰੀ ਕਹਿ ਸਕਦੇ ਹਾਂ।" ਕਲਾ ਪ੍ਰਕ੍ਰਿਤੀ ਦੀ ਅਨੁਕ੍ਰਿਤੀ ਹੈ। ਅਨੁਕਰਣ ਦੇ ਮਾਧਿਅਮ ਵੀ ਹੁੰਦੇ ਹਨ। ਜਿਸ ਤਰ੍ਹਾਂ ਕੁਝ ਲੋਕ ਸੁਚੇਤ ਰੰਗਕਾਰੀ ਜਾਂ ਕੇਵਲ ਅਭਿਆਸ ਰਾਹੀਂ ਰੰਗ ਜਾਂ ਸੁਰ ਦੇ ਮਾਧਿਅਮ ਨਾਲ ਵੰਨ-ਸੁਵੰਨੀਆਂ ਵਸਤਾਂ ਦਾ ਅਨੁਕਰਣ ਜਾਂ ਪ੍ਰਗਟਾਵਾ ਕਰਦੇ ਹਨ। ਇਸੇ ਤਰ੍ਹਾਂ ਉਪਰੋਕਤ ਕਲਾਵਾਂ ਵਿਚ ਸਮੁੱਚੇ ਤੌਰ ਤੇ ਅਨੁਕਰਣ ਦਾ ਕਾਰਜ ਲੈਅ ਭਾਸ਼ਾ ਜਾਂ ਇਕਸੁਰਤਾ ਵਿਚੋਂ ਕਿਸੇ ਇਕ ਮਾਧਿਅਮ ਜਾਂ ਇਕ ਤੋਂ ਵਧੀਕ ਮਾਧਿਅਮ ਨਾਲ ਨੇਪਰੇ ਚੜ੍ਹਦਾ ਹੈ। ਕੁਝ ਦੂਸਰੀਆਂ ਕਲਾਵਾਂ ਬੁਨਿਆਦੀ ਤੌਰ ਤੇ ਇਹਨਾਂ ਵਰਗੀਆਂ ਹੀ ਹਨ।

ਇਕ ਹੋਰ ਕਲਾ ਹੈ ਜਿਸ ਵਿਚ ਅਨੁਕਰਣ ਦਾ ਸਾਧਨ ਕੇਵਲ ਭਾਸ਼ਾ ਹੁੰਦੀ ਹੈ। ਇਹ ਭਾਸ਼ਾ ਭਾਵੇਂ ਗੱਦ ਹੋਵੇ ਭਾਵੇਂ ਪਦ ਅਤੇ ਪਦ ਵਿਚ ਵੀ ਭਾਵੇਂ ਅਨੇਕ ਛੰਦਾਂ ਦਾ ਪ੍ਰਯੋਗ ਕੀਤਾ ਜਾਵੇ ਭਾਵੇਂ ਇਕ ਛੰਦ ਦਾ, ਪਰ ਇਸਦਾ ਨਾਮਕਰਣ ਅਜੇ ਤੱਕ ਨਹੀਂ ਹੋਇਆ ਹੈ।

**ਅਨੁਕਰਣ ਦੇ ਵਿਸ਼ੇ :-** ਅਨੁਕਰਣ ਦੇ ਵਿਸ਼ੇ ਕਾਰਜ ਵਿਚ ਰੁੱਝੇ ਵਿਅਕਤੀ ਹੁੰਦੇ ਹਨ ਅਤੇ ਇਹ ਵਿਅਕਤੀ ਜਾਂ ਤਾਂ ਉਚੇਰੀ ਪੱਧਰ ਤੇ ਹੁੰਦੇ ਹਨ ਜਾਂ ਨਿਵੇਰੀ ਪੱਧਰ ਤੇ। ਇਹ ਭੇਦ ਮੁਖ ਤੌਰ ਤੇ ਨੈਤਿਕ ਆਚਰਣ ਉਪਰ ਆਧਾਰਿਤ ਹੈ ਅਤੇ ਨੈਤਿਕ ਅੰਤਰ ਦੇ ਨਿਖੜਵੇਂ ਲੱਛਣ ਹਨ। ਚੰਗਿਆਈ ਅਤੇ ਬੁਰਿਆਈ। ਇਸ ਲਈ ਇਹ ਸਿੱਟਾ ਨਿਕਲਦਾ ਹੈ ਕਿ ਸਾਨੂੰ ਉਹਨਾਂ ਦਾ ਜਾਂ ਤਾਂ ਯਥਾਰਥ ਜੀਵਨ ਤੋਂ ਚੰਗੇਰਾ ਰੂਪ ਪੇਸ਼ ਕਰਨਾ ਹੋਵੇਗਾ ਜਾਂ ਮੰਦੇਰਾ ਜਾਂ ਫਿਰ ਬਿਲਕੁਲ ਉਹੋ ਜਿਹਾ। ਚਿਤਰਕਾਰੀ ਵਿਚ ਵੀ ਇਹੋ ਗੱਲ ਹੁੰਦੀ ਹੈ।

**ਅਨੁਕਰਣ ਦੀ ਵਿਧੀ :-** ਇਕ ਤੀਸਰਾ ਭੇਦ ਹੋਰ ਵੀ ਹੈ ਇਹਨਾਂ ਵਿਸ਼ਿਆਂ ਦੀ ਅਨੁਕਰਣ ਰੀਤੀ ਦਾ ਕਿਉਂਕਿ ਭਾਵੇਂ ਮਾਧਿਅਮ ਇਕ ਹੋਣ ਅਤੇ ਵਿਸ਼ਾ ਵੀ ਇਕ ਹੋਣ ਤਾਂ ਵੀ ਕਵੀ ਜਾਂ ਤਾਂ ਬਿਰਤਾਂਤ ਰਾਹੀਂ ਅਨੁਕਰਣ ਕਰ ਸਕਦਾ ਹੈ ਇਸ ਸਥਿਤੀ ਵਿਚ ਉਹ ਜਾਂ ਤਾਂ ਹੋਮਰ ਵਾਂਗ ਕਦੀ ਹੋਰ ਵਿਅਕਤੀਤਵ ਧਾਰਣ ਕਰਦਾ ਹੈ ਜਾਂ ਆਪਣੇ ਨਿੱਜੀ ਰੂਪ ਵਿਚ ਬੋਲ ਸਕਦਾ ਹੈ ਜਾਂ ਆਪਣੇ ਸਾਰੇ ਪਾਤਰਾਂ ਨੂੰ ਜੀਉਂਦੇ ਜਾਗਦੇ

ਜਿਉਂਦਿਆ ਜਾਗਦਾ ਅਤੇ ਤੁਰਦਾ ਫਿਰਦਾ ਪੇਸ਼ ਕਰ ਸਕਦਾ ਹੈ। ਇਹ ਅਨੁਕਰਣ ਦੀ ਵਿਧੀ ਹੈ। ਅਨੁਕਰਣ ਸੰਬੰਧ ਸਿਧਾਂਤ ਹੈ। ਅਨੁਕਰਣ ਦੇ ਵਿਸ਼ਿਆ ਨੂੰ ਸਪੱਸ਼ਟ ਕਰਦੇ ਹੋਇਆ ਅਰਸਤੂ ਲਿਖਦਾ ਹੈ ਕਿ ਅਨੁਕਰਣ ਦੇ ਵਿਸ਼ੇ ਕਾਰਜ ਵਿਚ ਰੁੱਝੇ ਵਿਅਕਤੀ ਹੁੰਦੇ ਹਨ ਇਸ ਤੋਂ ਸਪੱਸ਼ਟ ਹੈ ਕਿ ਉਸਦੇ ਇਸ ਸਿਧਾਂਤ ਦਾ ਵਿਵੇਚਨ ਅਨੁਰਾਗ ਵਿਧੀ ਵਿਚ ਦਿੱਤਿਆ ਗਇਆ ਹੈ ਅਰਥਾਤ ਉਸਨੂੰ ਆਧਾਰ ਜਿਸ ਵਿਚ ਪ੍ਰਾਪਤ ਸਾਹਿਤ ਦੇ ਆਧਾਰ ਤੇ ਹੀ ਆਧਾਰ ਸਿਧਾਂਤਾਂ ਦੀ ਸਥਾਪਨਾ ਕੀਤੀ ਹੈ ਅੱਗੇ ਅਰਸਤੂ ਲਿਖਦਾ ਹੈ ਆਪਣੀ ਮੁਢਲੀ ਅਵਸਥਾ ਵਿਚ ਮਨੁੱਖ ਸਭ ਕੁਝ ਅਨੁਕਰਣ ਰਾਹੀਂ ਹੀ ਸਿਖਦਾ ਹੈ ਅਨੁਭਵ ਇਸ ਦਾ ਪ੍ਰਮਾਣ ਹੈ ਕਿ ਜਿਨ੍ਹਾਂ ~~ਵਸਤਾਂ~~ ਵਸਤਾਂ ਦੇ ਪ੍ਰਤੱਖ ਦਰਸ਼ਨ ਤੋਂ ਸਾਨੂੰ ਕੋਈ ਹੁੰਦਾ ਹੈ ਉਹਨਾਂ ਦੇ ਹੀ ਇਨ-ਬਿਨ ਚਿਤਰਾਂ ਨੂੰ ਦੇਖ ਕੇ ਸਾਨੂੰ ਆਨੰਦ ਪ੍ਰਾਪਤ ਹੁੰਦਾ ਹੈ। ਅਰਸਤੂ ਦੇ ਅਨੁਕਰਣ ਸ਼ਬਦ ਦਾ ਅਰਥ ਹੈ- ਸਾਹਿਤ ਵਿਚ ਜੀਵਨ ਦਾ ਵਸਤੂ ਸਰਲ ਸੰਕੇਤ ਜਿਸ ਨੂੰ ਅਸੀਂ ਆਪਣੀ ਭਾਸ਼ਾ ਵਿਚ ਜੀਵਨ ਦੀ ਕਲਪਨਾਤਮਕ ਮੁੜ ਉਸਾਰੀ ਕਹਿ ਸਕਦੇ ਹਾਂ।

**ਐਟਕਿਸ ਅਨੁਸਾਰ,** "ਅਨੁਕਰਣ ਸਿਰਜਣਾਤਮਕ ਜੀਵਨ ਦੀ ਵਿਆਖਿਆ ਦਾ ਦੂਜਾ ਨਾਮ ਹੈ।"

ਕਲਾ ਪ੍ਰਕ੍ਰਿਤੀ ਦੀ ਅਨੁਕ੍ਰਿਤੀ ਹੈ। ਇਹ ਕਲਾ ਅਤੇ ਅਨੁਕਰਣ ਦੋਵਾਂ ਤੱਤਾਂ ਦੇ ਵਿਵੇਚਨ ਦਾ ਮੂਲ ਤੱਤ ਹੈ। ਅਨੁਕਰਣ ਵਾਂਗ ਪ੍ਰਕ੍ਰਿਤੀ ਸ਼ਬਦ ਵੀ ਵਿਚਾਰਨਜੋਗ ਹੈ। ਰੋਮਸ ਦੇ ਆਧਾਰ ਤੇ ਨਵ-ਸ਼ਾਸਤ੍ਰਵਾਦੀਆਂ ਨੇ ਪ੍ਰਕ੍ਰਿਤੀ ਦਾ ਅਰਥ ਕੇ (ਨੀਤੀ) ਲੋਕਾਂ ਵਿਚ ਬਾਹਰਾ ਜੀਵਨ ਅਤੇ ਅਨੁਕਰਣ ਦਾ ਅਰਥ ਜਿਸਆ ਇਸ ਰੂਪਾਂ ਦਿਤਾ ਇਸ ਪ੍ਰਕਾਰ ਅਰਸਤੂ ਦਾ ਇਹ ਕਥਨ ਨੀਤੀ ਬੱਧ ਰਾਹ ਸਤਾ ਦੇ ਪ੍ਰੇਮ ਬਣ ਗਿਆ ਪਰ ਅਸਲ ਵਿਚ ਪ੍ਰਕ੍ਰਿਤੀ ਦੇ ਅਰਥ ਨੂੰ ਇਸ ਪ੍ਰਕਾਰ ਸੀਮਿਤ ਕਰਨ ਦਾ ਕਾਰਨ ਨਹੀਂ ਪ੍ਰਕ੍ਰਿਤੀ ਏਥੇ ਸਪੱਸ਼ਟ ਰੂਪਾਂ ਦੇ ਸਮੂਹ ਦੀ ਹੀ ਸਮਾਨਆਰਥੀ ਹੈ। ਇਸ ਲਈ ਜਿਸ ਵਸਤੂ ਦਾ ਅਨੁਕਰਣ ਹੋਵ ਹੈ ਉਹ ਤਿੰਨ ਪ੍ਰਕਾਰ ਦੀਆਂ ਵਸਤਾਂ ਵਿਚੋਂ ਹੀ ਕੋਈ ਇਕ ਹੋ ਸਕਦੀ ਹੈ। ਜਿਵੇਂ ਉਹ । ਜਿਵੇਂ ਉਹ ਕਹੀਆਂ ਜਾਂ ਸਮਝੀਆਂ ਜਾਂਦੀਆਂ ਜਾਂ ਜਾਂ ਜਿਵੇਂ ਉਹ ਹੋਣੀਆਂ ਚਾਹੀਦੀਆਂ ਹਨ। ਉਪਰਲੇ ਤਿੰਨਾ ਪ੍ਰਕਾਰਾਂ ਵਿਚ ਹੀ ਧਾਰਮਿਕ ਪ੍ਰਕ੍ਰਿਤੀ ਜਾਂ ਜੀਵਨ ਦੇ ਬਾਹਰਲੇ ਅੰਸ਼ ਨੂੰ ਹੀ ਪ੍ਰਗਟ ਕਰਦਾ ਹੈ। ਬਾਕੀ ਦੋਵੇਂ ਅੰਤਰ ਨੂੰ ਇਹੋ ਮੂਲ ਧਾਰਨਾਵਾਂ ਵਰਗੇ ਸੱਤ ਹੈ। ਜੋ ਕੁਝ ਬਾਹਰ ਉੱਕਾ ਹੈ ਉਹ ਜੀਵਨ ਦਾ ਮੂਰਤ ਅੰਸ਼ ਬਣ ਜਾਂਦਾ ਹੈ। ਜੋ ਵਿਚਾਰ ਸਕਦਾ ਹੈ ਉਹ ਅਮੂਰਤ ਕਲਪਨਾ ਦਾ ਅੰਸ਼ ਹੈ।

ਅਰਸਤੂ (ਭਾਵ, ਵਿਚਾਰ ਅਤੇ ਕਲਪਨਾ) ਇਹ ਸੀਮਾਵਾਂ ਤੋਂ ਮੁਕਤ ਹੋਣ ਕਰਕੇ ਸਰਬਸਾਂਝਾ ਅਰਥਾਤ ਸਰਬ ਵਿਆਪੀ ਅਤੇ ਸਰਬਕਾਲੀ ਬਣ ਜਾਂਦਾ ਹੈ। ਅਰਸਤੂ ਦੇ ਪੱਖ ਦਾ ਵਿਸ਼ਲੇਸ਼ਣ ਜਿਸਦੇ ਹੀ ਮੁੱਖ ਜ਼ੋਰ ਤੇ ਕਲਪਨਾ ਅਨੁਭੂਤੀ ਅਤੇ ਵਿਚਾਰ ਉਪਰ ਆਧਾਰਿਤ ਹੁੰਦਾ ਹੈ ਅਰਥਾਤ ਭਾਵਮੂਲਕ ਹੁੰਦਾ ਹੈ।

ਮੂਰਤ ਪੱਖ ਦੇ ਵਿਤਰਣ ਵਿਚ ਇੰਦ੍ਰਿਆਵੀ ਗਿਆਨ ਦੀ ਪ੍ਰਧਾਨਤਾ ਰਹਿੰਦੀ ਹੈ ਅਤੇ ਇਹ ਆਧੁਨਿਕ ਆਲੋਚਨਾ ਸ਼ਾਸਤਰ ਦੀ ਸ਼ਬਦਾਵਲੀ ਵਿਚ ਵਸਤੂ-ਮੁਖ ਹੁੰਦਾ ਹੈ।

ਅਨੁਭੂਤੀ ਤੋਂ ਆਨੰਦ ਦੀ ਹੀ ਪ੍ਰਾਪਤੀ ਹੁੰਦੀ ਹੈ ਭਾਵੇਂ ਏਥੇ ਅਰਸਤੂ ਨੇ ਸੁੰਦਰ ਦਾ ਹੀ ਆਨੰਦ ਮੰਨਿਆ ਹੈ। ਅਨੁਕਰਤਾ ਆਨੰਦ ਦੀ ਸਹਿ-ਅਨੁਭੂਤੀ ਵਿਚੋਂ ਆਨੰਦ ਦਸਵੇਂ ਤੱਕ ਹੀ ਪਹੁੰਚਾ ਸਕਦਾ ਅਰਥਾਤ ਅਰਸਤੂ ਇਸ ਤੋਂ ਨਾਲ ਅਨੁਕਰਣ ਦੀ ਕਿਰਿਆ ਅਤੇ ਪ੍ਰਤਿਕਿਰਿਆਵਾਂ ਦੋਹਾਂ ਵਿਚ ਆਨੰਦ ਦੀ ਸਥਿਤੀ ਮੰਨਦਾ ਹੈ।

ਉਪਰੋਕਤ ਵਿਵੇਚਨ ਤੋਂ ਸਿੱਟੇ ਨਿਕਲਦੇ ਹਨ ਕਿ ਅਨੁਕਰਣ ਦੇ ਵਿਸ਼ੇ ਪ੍ਰਕ੍ਰਿਤੀ ਜਾਂ ਜੀਵਨ ਦਾ ਬਾਹਰਲਾ ਪੱਖ ਜਾਂ ਨਾਮ ਅਕਾਰਧਾਰੀ ਜੜ੍ਹ ਜੰਗਮ ਰੂਪ ਹੀ ਨਹੀਂ ਸਗੋਂ ਉਸਦਾ ਅੰਦਰਲਾ ਪੱਖ ਵੀ ਜੋ ਅਨੁਭੂਤੀ, ਵਿਚਾਰ, ਕਲਪਨਾ, ਆਦਿ ਵੀ ਹਨ।

ਇਹਨਾਂ ਦੋਹਾਂ ਵਿਚ ਵੀ ਅੰਦਰਲੇ ਪੱਖਾਂ ਦੀ ਪ੍ਰਧਾਨਤਾ ਹੈ ਕਿਉਂਕਿ ਬਾਹਰਲਾ ਪੱਖ ਅਰਥਾਤ ਵਸਤ ਦੇ ਵੀ ਤਾਂ ਯਥਾਰਥ ਰੂਪ ਦਾ ਨਹੀਂ ਸਗੋਂ ਪ੍ਰਤੀਤ ਹੋਣ ਵਾਲੇ ਰੂਪ ਦਾ ਹੀ ਅਨੁਕਰਣ ਕੀਤਾ ਜਾਂਦਾ ਹੈ ਵਸਤ ਜਿਵੇਂ ਦਿਸਦੀ ਹੈ ਇਹ ਕਹਿਣਾ ਕਠਿਨ ਹੈ। ਇੰਦਰੀਆਂ ਦੇ ਮਾਧਿਅਮ ਰਾਹੀਂ ਸਾਡੇ ਮਨਾਂ ਉਪਰ ਉਸਦਾ ਜਿਹੋ ਜਿਹਾ ਪ੍ਰਭਾਵ ਪ੍ਰਤਿਬਿੰਬ ਪੈਂਦਾ ਹੈ। ਅਰਸਤੂ ਰਾਹੀਂ ਅਨੁਕਰਣ ਪਰਖੀ ਇਸ ਨਾਲੋਂ ਵਧੇਰੇ ਮਹੱਤਵਪੂਰਨ ਇਹ ਗੱਲ ਹੈ ਕਿ ਉਹ ਜਿਵੇਂ ਦਿਸਦੀ ਹੋ ਸਕਦੀ ਹੈ ਜਾਂ ਜਿਵੇਂ ਦਿਸਦੀ ਹੋਣੀ ਚਾਹੀਦੀ ਹੈ। ਅਰਥਾਤ ਵਸਤ ਦੇ ਪ੍ਰਤੱਖ ਰੂਪ ਨਾਲੋਂ ਉਸਦਾ ਕਲਪਨਾਤਮਕ ਅਤੇ ਭਾਵਾਤਮਕ ਵਿਚਾਰਾਤਮਕ ਰੂਪ ਹੀ ਵਧੇਰੇ ਗ੍ਰਹਿਣ-ਜੋਗ ਹੈ। ਇਸ ਪ੍ਰਕਾਰ ਕਲਾ ਜਾਂ ਰਾਹੀਂ ਵਿਚ ਵਸਤ ਦੇ ਲਗਭਗ ਤਿੰਨ ਰੂਪਾਂ ਦਾ ਅਨੁਕਰਣ ਹੈ।

i) ਪ੍ਰਤੀਤ ਰੂਪ ਦਾ (ਜਿਵੇਂ ਅਨੁਕਰਤਾ ਨੂੰ ਪ੍ਰਤੀਤ ਹੁੰਦਾ ਹੈ)
ii) ਸੰਭਾਵਿਤ ਰੂਪ ਦਾ (ਜਿਵੇਂ ਜਿਹਾ ਹੋ ਸਕਦਾ ਹੈ)
iii) ਆਦਰਸ਼ ਰੂਪ ਦਾ (ਜਿਵੇਂ ਜਿਹਾ ਹੋਣਾ ਚਾਹੀਦਾ ਹੈ।

ਇਹਨਾਂ ਤਿੰਨਾਂ ਵਿਚ ਅਨੁਕਰਤਾ ਦੀ ਭਾਵਨਾ ਅਤੇ ਕਲਪਨਾ ਦਾ ਸਾਥ ਹੀ ਰਹਿੰਦਾ ਹੈ। ਪ੍ਰਤੀਤ ਰੂਪ ਵਿਚ ਅਨੁਕਰਣ ਦਾ ਅਰਥ ਹੈ ਵਸਤ ਦੇ ਸਾਫ਼ ਪ੍ਰਤੀ ਬਿੰਬ ਨੂੰ ਸ਼ਬਦ ਆਦਿ ਦੇ ਮਾਧਿਅਮ ਰਾਹੀਂ ਪ੍ਰਗਟ ਕਰਨਾ। ਅਨੁਕਰਣ ਵਿਚ ਆਨੰਦ ਦਾ ਤੱਤ ਲਾਜ਼ਮੀ ਤੌਰ ਤੇ ਸ਼ਾਮਲ ਹੋਣ ਦਾ ਅਰਥ ਹੀ ਇਹੋ ਹੈ ਕਿ ਉਸ ਵਿਚ ਆਤਮ ਤੱਤ ਦਾ ਪ੍ਰਕਾਸ਼ਨ ਸ਼ਾਮਿਲ ਹੁੰਦਾ ਹੈ ਕਿਉਂਕਿ ਆਨੰਦ ਦੀ ਪ੍ਰਾਪਤੀ ਆਤਮ ਤੱਤ ਦੇ ਪ੍ਰਕਾਸ਼ਨ ਤੋਂ ਬਗੈਰ ਸੰਭਵ ਨਹੀਂ ਹੈ। ਅਨੁਕਰਣ ਵਿਚ ਵਸਤੂ ਕੇਵਲ ਉਦੀਪਕ ਨਿਮਿਤ ਮਾਤਰ ਹਾ ਹੈ ਜੋ ਆਧਾਰ ਰੂਪ ਵਿਚ ਮੌਜੂਦ ਹੁੰਦੀ ਹੈ।

**ਆਧੁਨਿਕ ਆਲੋਚਨਾ ਸ਼ਾਸਤਰ ਅਨੁਸਾਰ :-** ਅਨੁਕਰਣ ਵਿਚ ਕਲਾਸਿਰਜੀ ਕਲਾ ਦੇ ਵਸਤੂ ਮੁਖ ਭਾਵ ਤੱਤ ਨੂੰ ਹੀ

ਸਵੀਕਾਰ ਕੀਤਾ ਗਿਆ ਹੈ। ਰੋਮਨੀ ਕਲਾ ਦੇ ਵਿਅਕਤੀ ਮੂਲਕ ਭਾਵ ਤੱਤ ਨੂੰ ਨਹੀਂ ... ਅਰਸਤੂ ਦੇ ਅਨੁਕਰਣ ਸਿਧਾਂਤ ਦਾ ਵਿਵੇਚਨ ਕਰਨ ... ਸਦੀ ਦੇ ਇਤਿਹਾਸਿਕ ਤੱਥਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਸਾਹਿਤ ਦੇ ਆਧਾਰ ਤੇ ਹੀ ਆਮ ਸਿਧਾਂਤਾਂ ਦੀ ਸਥਾਪਨਾ ਕੀਤੀ ਹੈ। ਅਰਸਤੂ ਦੇ ਸਾਹਮਣੇ ਹੋਮਰ ਦੇ ਮਹਾਂਕਾਵਿ ਅਤੇ ਅਨੇਕਾਂ ਸਫਲ ਕਵੀਆਂ ਦੀਆਂ ਨਵ ਕਿਰਤਾਂ ਸਨ। ਮਹਾਂਕਾਵਿ ਅਤੇ ਨਾਟਕ। ਤ੍ਰਾਸਦੀ ਵਿਚ ਹੀ ਅਰਸਤੂ ਨੇ ਕਾਵਿ ਕਲਾ ਦਾ ਉੱਤਮ ਰੂਪ ਮੰਨਿਆ ਹੈ। ਇਸਦੇ ਆਧਾਰ ਤੇ ਸਿਧਾਂਤ ਵਿਵੇਚਨ ਕੀਤਾ ਹੈ। ਨਾਟਕ ਨਿਸ਼ਚੇ ਹੀ ਅਨੁਕਰਣ ਮੂਲਕ ਕਲਾ ਹੈ।

**ਕ੍ਰੋਚੇ ਅਨੁਸਾਰ :-** ਕਲਾ ਪ੍ਰਤਿਭਾਈ ਹੁਨਰ ਤੇ ਸਹਿਜ ਅਨੁਭੂਤੀ ਹੈ ਜੋ ਪ੍ਰਗਟਾਵੇ ਦੇ ਰੰਗ-ਰੇਖਾ, ਸ਼ਬਦ ਸ੍ਵੈਮ ਆਦਿ ਵਿਚ ਉਸਦਾ ਅਨੁਕਰਣ ਵਿਸ਼ੇਸ਼ ਅਪ੍ਰਧਾਨ ਘਟਨਾ ਹੈ। ਕ੍ਰੋਚੇ ਦੇ ਅਨੁਸਾਰ ਕਾਵਿ ਕਲਾ ਦਾ ਜੋ ਮੌਲਿਕ ਰੂਪ ਹੈ, ਉਹ ਅਨੁਕਰਣ ਦਾ ਵਿਸ਼ਾ ਨਹੀਂ ਹੋ ਸਕਦਾ ਅਤੇ ਉਸਦੀ ਮੂਰਤ ਰੂਪ ਜੋ ਅਨੁਕਰਣ ਦਾ ਵਿਸ਼ਾ ਹੈ, ਕ੍ਰੋਚੇ ਦੇ ਅਨੁਸਾਰ ਅਪ੍ਰਧਾਨ ਹੈ। ਇਸ ਸਦੀ ਜਿਸ ਹੱਦ ਤਕ ਕ੍ਰੋਚੇ ਦਾ ਸਹਿਜ ਅਨੁਭੂਤੀ ਸਿਧਾਂਤ ਸੰਨਿਯੋਗ ਹੈ। ਉਸ ਹੱਦ ਤੱਕ ਅਰਸਤੂ ਦਾ ਅਨੁਕਰਣ ਸਿਧਾਂਤ ਸੰਨਿਯੋਗ ਨਹੀਂ।

ਭਾਰਤੀ ਕਾਵਿ ਸ਼ਾਸਤਰ ਦੇ ਵਿਦਿਆਰਥੀ ਵਾਸਤੇ ਅਨੁਕਰਣ ਸ਼ਬਦ ਨਵਾਂ ਨਹੀਂ ਹੈ। ਆਦਿ ਆਚਾਰੀਆਂ ਭਰਤ ਨੇ ਨਾਟਕ ਨੂੰ ਲੋਕ ਸੁਭਾਅ ਦਾ ਅਨੁਕਰਣ ਜਾਂ ਲੋਕ ਵ੍ਰਿਤ ਦਾ ਅਨੁਕਰਣ ਮੰਨਿਆ ਹੈ।

ਭਰਤ ਨੇ ਵਿਸਥਾਰ ਨਾਲ ਰੰਗ-ਮੰਚ ਉਪਰ ਚਿਤਾਂ ਦੇ ਅਨੁਕਰਣ ਦਾ ਵਿਧਾਨ ਕੀਤਾ ਹੈ। ਨਾਟ-ਸ਼ਾਸਤਰ ਵਿਚ, ਵੇਸ਼ ਰੰਗਿਆ ਰੂਪ ਆਦਿ ਬਾਹਰਲੇ ਰੂਪਾਂ ਦਾ ਹੀ ਨਹੀਂ ਅਨੇਕਾਂ ਅਨੁਭਵਾਂ ਰਾਹੀਂ ਸਥਾਈ ਸੰਚਾਰੀ ਆਦਿ ਮਾਨਸਿਕ ਵਿਕਾਰਾਂ ਦੇ ਅਭਿਨੈ ਦੀ ਸੂਖਮ ਸੰਚਾਰੀ ਆਦਿ ਮਾਨਸਿਕ ਵਿਕਾਰਾਂ ਦੇ ਅਭਿਨੈ ਦੀ ਸੂਖਮ ਵਿਧਾਨ ਹੈ। ਅਨੁਕਰਣ ਦਾ ਮਤਲਬ ਅਭਿਨੈ ਨਹੀਂ ਹੈ ਸਗੋਂ ਉਸ ਦੀ ਪੈੜ ਉਪਰ ਤੁਰਨ ਵਾਲੇ ਧਨੰਜਯ ਨੇ ਆਪਣੇ ਦਸ਼ਰੂਪਕ ਵਿਚ ਹੋਰ ਵੀ ਸਪੱਸ਼ਟ ਕਰ ਦਿੱਤਾ ਹੈ। ਅਵਸਥਾ ਦੇ ਅਨੁਕਰਣ ਨੂੰ ਹੀ ਨਾਟਕ ਕਹਿੰਦੇ ਹਨ। ਅਵਸਥਾ ਦੇ ਅਨੁਕਰਣ ਦਾ ਮਤਲਬ ਇਹ ਹੈ ਕਿ ਚਾਲ-ਢਾਲ, ਵੇਸ, ਆਲਾਪ ਆਦਿ ਰਾਹੀਂ ਪਾਤਰਾਂ ਨਾਲ ਇਕਮਿਕਤਾ ਸਥਾਪਿਤ ਹੋ ਜਾਵੇ। ਨਾਟਕ ਵਿਚ ਜਿਸ ਅਨੁਕ੍ਰਿਤੀ ਦਾ ਪ੍ਰਯੋਗ ਹੈ ਉਹ ਨਾਟ ਦਾ ਕੰਮ ਹੀ ਹੈ ਕਵੀ ਦਾ ਕੰਮ ਨਹੀਂ। ਨਾਟਕ ਵਿਚ ਅਨੁਕਰਣ ਦੀ ਪ੍ਰਧਾਨਤਾ ਸ੍ਵੀਕਾਰ ਮੰਨੀ ਗਈ ਹੈ। ਮੁੱਢਲੇ ਯੂਨਾਨੀ ਆਚਾਰੀਆਂ ਨੇ ਇਸ ਉਤੇ ਸਪੱਸ਼ਟ ਤੌਰ ਤੇ ਮੌਲਿਕ ਰੂਪ ਨਾਲ ਇਕ-ਇਕ ਅਮਿਤ ਚਿੰਤਨ ਕੀਤਾ ਸੀ। ਇਸੇ ਆਧਾਰ ਤੇ ਇਸੇ ਕਾਵਿ ਸੰਬੰਧੀ ਅਨੁਕਰਣ ਸਿਧਾਂਤ ਦਾ ਜਨਮ ਹੋਇਆ ਸੀ।

ਨਾਟਕ ਲੋਕ-ਸਮਾਜ ਦਾ ਅਨੁਕਰਣ ਤਾਂ ਕਰਦਾ ਹੈ ਪਰ ਕੇਵਲ ਸਮਾਜ ਦਾ ਅਸਲੀ ਉਦਾਹਰਣਾਂ ਲੋਕ ਸਮਾਜ ਹੀ ਹੈ। ਅਸਲ ਲੋਕ ਸਮਾਜ ਦਾ ਸੰਖੇਪ ਦਾ ਕਈ ਨਾਲ ਹੈ ਪਰ ਕਈ ਉਸਦਾ ਨਿਰੀਖਣ ਕਰਦਾ ਹੈ, ਵਿਖਾਨ ਕਰਦਾ ਹੈ, ਅਨੁਕਰਣ ਨਹੀਂ।

**ਅਨੁਕਰਣ ਦੇ ਮਾਧਿਅਮ :-** ਰੰਗ ਲੋਕ ਮੂਰਤ ਕਲਾਕਾਰੀ ਜਾਂ ਵੇਖਣ ਮਾਧਿਅਮ ਰਾਹੀਂ ਰੰਗ ਰੂਪ ਜਾਂ ਸੁਰ ਦੇ ਮਾਧਿਅਮ ਨਾਲ ਵੱਖ-ਵੱਖ ਵਸਤਾਂ ਦਾ ਅਨੁਕਰਣ ਜਾਂ ਪ੍ਰਗਟਾਵਾ ਕਰਦੇ ਹਨ। ਇਸੇ ਤਰ੍ਹਾਂ ਉਪਰੋਕਤ ਕਲਾਵਾਂ ਵਿਚ ਸਮੁੱਚੇ ਤੌਰ ਤੇ ਅਨੁਕਰਣ ਦਾ ਕਾਰਜ ਲੈਅ ਭਾਸ਼ਾ ਜਾਂ ਇਕਸੁਰਤਾ ਵਿਚੋਂ ਕਿਸੇ ਇਕ ਮਾਧਿਅਮ ਜਾਂ ਇਕ ਤੋਂ ਵਧੀਕ ਜੁੜਵੇਂ ਮਾਧਿਅਮ ਨਾਲ ਪੂਰਾ ਹੁੰਦਾ ਹੈ। ਉਦਾਹਰਣ ਲਈ ਬੰਸਰੀ ਜਾਂ ਬੀਨਾ ਦੇ ਸੰਗੀਤ ਵਿਚ ਕੇਵਲ ਇਕਸੁਰਤਾ ਅਤੇ ਲੈਅ ਦਾ ਉਪਯੋਗ ਹੁੰਦਾ ਹੈ। ਇਕਸਾਰਤਾ ਦਾ ਨਹੀਂ ਕਿਉਂਕਿ ਨਾਚ ਵਿਚ ਕੇਵਲ ਲੈਅ ਭਰਪੂਰ ਚੇਸ਼ਟਾ ਰਾਹੀਂ ਚਰਿੱਤਰ, ਭਾਵ ਅਤੇ ਕਾਰਜ ਵਪਾਰ ਦਾ ਅਨੁਕਰਣ ਹੁੰਦਾ ਹੈ। ਅਨੁਕਰਣ ਦਾ ਸਾਧਨ ਕੇਵਲ ਭਾਸ਼ਾ ਹੁੰਦੀ ਹੈ। ਇਹ ਭਾਸ਼ਾ ਭਾਵੇਂ ਗੱਦ ਹੋਵੇ ਭਾਵੇਂ ਪਦ ਅਤੇ ਪਦ ਵਿਚੋਂ ਹੀ ਭਾਵੇਂ ਅਨੇਕ ਛੰਦਾਂ ਦਾ ਪ੍ਰਯੋਗ ਕੀਤਾ ਜਾਵੇ ਭਾਵੇਂ ਇਕੋ ਛੰਦ ਦਾ।

ਅਨੁਕਰਨ ਦੇ ਇਸੇ ਕਾਰਜ ਵਿਚ ਰੁੱਝੇ ਵਿਅਕਤੀ ਹੁੰਦੇ ਹਨ ਅਤੇ ਇਹ ਵਿਅਕਤੀ ਜਾਂ ਤਾਂ ਉਚੇਰੀ ਪੱਧਰ ਦੇ ਹੁੰਦੇ ਹਨ ਜਾਂ ਨਿਵੇਰੀ ਪੱਧਰ ਦੇ ਇਹ ਭੇਦ ਮੁਖ ਤੌਰ ਤੇ ਨੈਤਿਕ ਆਚਰਣ ਉਪਰ ਆਧਾਰਿਤ ਹੈ ਅਤੇ ਨੈਤਿਕ ਅੰਤਰ ਦੇ ਨਿਖੜਵੇਂ ਲੱਛਣ ਹਨ- ਚੰਗਿਆਈ ਅਤੇ ਬੁਰਿਆਈ।

ਸਿੱਟਾ ਇਹ ਨਿਕਲਦਾ ਹੈ ਕਿ ਸਾਨੂੰ ਇਹਨਾਂ ਦਾ ਜਾਂ ਤਾਂ ਯਥਾਰਥ ਜੀਵਨ ਤੋਂ ਚੰਗੇਰਾ ਰੂਪ ਪੇਸ਼ ਕਰਨਾ ਹੋਵੇਗਾ ਜਾਂ ਮੰਦੇਰਾ ਜਾਂ ਫਿਰ ਪਿਤਰਾਂ ਉਹਨਾਂ ਵਰਗਾਂ ਅਨੁਕਰਣ ਦੀ ਉਪਰੋਕਤ ਹਨ ਇਕ ਤੀਜੀ ਵਿਚ ਇਹ ਅੰਤਰ ਪ੍ਰਗਟ ਹੋਵੇਗਾ ਅਤੇ ਹਰ ਇਕ ਰੀਤੀ ਇਸੇ ਦੀ ਵੱਖਰੀ ਪ੍ਰਕਾਰ ਦਾ ਅਨੁਭਵ ਅਨੁਕਰਣ ਕਰਨ ਕਰਕੇ ਵੱਖਰੀ ਕਲਾ ਬਣ ਜਾਵੇਗੀ। ਇਸ ਪ੍ਰਕਾਰ ਦਾ ਅੰਤਰ ਨਾਚ, ਬੰਸੀ ਅਤੇ ਬੀਨਾ ਵਾਦਨ ਵਿਚਕਾਰ ਸੰਭਵ ਹੈ। ਇਸ ਪ੍ਰਕਾਰ ਦਾ ਅੰਤਰ ਭਾਸ਼ਾ ਵਿਚ ਵੀ ਸੰਭਵ ਹੈ। ਉਹ ਭਾਵੇਂ ਗੱਦ ਹੋਵੇ ਭਾਵੇਂ ਸੰਗੀਤ ਜਾਂ ਫਿਰ ਰਹਿਤ ਪਦਾਂ ਦੇ ਰੂਪ ਵਿਚ ਹੋਵੇ।